# ਔਰਤਾਂ ਦੇ ਸਰਵਪੱਖੀ ਵਿਕਾਸ ਲਈ ਕਰਵਾਇਆ ਸੈਮੀਨਾਰ

## ਉਪਰਾਲਾ

- **ਸਮਾਜਿਕ ਖੇਤਰ 'ਚ ਵਧੀਆ ਭੂਮਿਕਾ ਨਿਭਾਉਣ ਵਾਲੀਆਂ ਔਰਤਾਂ ਨੂੰ ਕੀਤਾ ਸਨਮਾਨਿਤ**

ਜਗਤਾਰ ਸਿਘ ਧੰਜਲ, ਮਾਨਸਾ




**ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਕਰਵਾਏ ਸੈਮੀਨਾਰ ਮੌਕੇ ਮੰਚ 'ਤੇ ਬਿਰਾਜਮਾਨ ਸੀ. ਜੇ. ਐਮ. ਗੁਰਪ੍ਰਤਾਪ ਸਿੰਘ, ਸ੍ਰੀ ਵਾਸਤਵ, ਡਾ. ਨਿਸ਼ਾਨ ਸਿੰਘ ਤੇ ਕਾਲਜ ਸਟਾਫ।**

**ਸਥਾਨਕ ਸਰਕਾਰੀ** ਨਹਿਰੂ ਕਾਲਜ ਅਤੇ ਜ਼ਿਲ੍ਹਾ ਪ੍ਰੀਸ਼ਦ ਵਿਖੇ ਔਰਤਾਂ ਲਈ ਮਾਨਤਾ ਅਤੇ ਸਰਵਪੱਖੀ ਵਿਕਾਸ ਬਾਰੇ ਸੈਮੀਨਾਰ ਤਲਵੰਡੀ ਸਾਬੋ ਪਾਵਰ ਲਿਮਟਿਡ ਵੱਲੋਂ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸੀ. ਜੇ. ਐਮ. ਗੁਰਪ੍ਰਤਾਪ ਸਿੰਘ ਮਾਨਸਾ, ਚੇਤਨ ਸ੍ਰੀ ਵਾਸਤਵ ਤਲਵੰਡੀ ਸਾਬੋ ਆਦਿ ਪਹੁੰਚੇ। ਸੀ. ਜੇ. ਐਮ. ਗੁਰਪ੍ਰਤਾਪ ਸਿੰਘ ਨੇ ਕਿਹਾ ਕਿ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਣੂ ਕਰਵਾਉਣ ਲਈ ਅਜਿਹੇ ਸੈਮੀਨਾਰਾਂ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਅੱਜ ਵੀ ਇਸ ਦੇਸ਼ ਵਿੱਚ ਔਰਤਾਂ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੈ।

ਇਸ ਮੌਕੇ ਚੇਤਨ ਸ੍ਰੀਵਾਸਤਵ ਨੇ ਕਿਹਾ ਕਿ ਤਲਵੰਡੀ ਸਾਬੋ ਪਾਵਰ ਲਿਮਟਿਡ ਦਾ ਮੁੱਖ ਮਕਸਦ ਹੈ ਕਿ ਜ਼ਿਲ੍ਹੇ ਵਿੱਚ ਸਮੇਂ-ਸਮੇਂ 'ਤੇ ਆਮ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ ਹੈ। ਐਡਵੋਕੇਟ ਰੇਖਾ ਸ਼ਰਮਾ ਤੇ ਕੋਆਰਡੀਨੇਟਰ ਮਨਦੀਪ ਸਿੰਘ ਨੇ ਕਿਹਾ ਕਿ ਸਮਾਜ ਵਿੱਚ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਤਾਂ ਹੀ ਮਿਲ ਸਕਦੇ ਹਨ ਜੇਕਰ ਮਾਤਾ ਵੀ ਆਪਣੇ ਘਰ 'ਚ ਬੇਟੀ ਨੂੰ ਬੇਟੇ ਦੇ ਬਰਾਬਰ ਦੇ ਅਧਿਕਾਰ ਦੇਵੇ।

ਇਸ ਮੌਕੇ ਸਮਾਜਿਕ ਖੇਤਰ ਵਿੱਚ ਵਧੀਆ ਭੂਮਿਕਾ ਨਿਭਾਉਣ ਵਾਲੀਆਂ ਔਰਤਾਂ ਸਾਲੂ ਕਾਟੇ, ਨਿਤਿਕਾ, ਆਰਤੀ ਝੰਡਾ ਖੁਰਦ, ਡਾ. ਬਲਜੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਵਿਜੇ ਸਿੰਗਲਾ, ਸੁਪਨਦੀਪ ਕੌਰ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਸੁਖਦੇਵ ਸਿੰਘ ਚੈਨੇਵਾਲਾ, ਮਨਦੀਪ ਸਿੰਘ ਕੋਆਰਡੀਨੇਟਰ, ਅਮਨਦੀਪ ਕੌਰ ਬੀ. ਡੀ. ਓ., ਹਰਦੀਪ ਸਿੰਘ ਸਿੱਧੂ, ਡਾ. ਨਿਸ਼ਾਨ ਸਿੰਘ, ਗੁਰਮੰਤਰ ਸਿੰਗਲਾ ਪ੍ਰਧਾਨ ਸਿਟੀ ਕਲੱਬ, ਭੂਰਾ ਸਿੰਘ ਭਾਈਦੇਸਾ, ਡਾ. ਵਿਸ਼ਾਲ ਅਗਰਵਾਲ, ਪ੍ਰੀਤੀ ਰਾਵਤ ਤੋਂ ਇਲਾਵਾ ਜ਼ਿਲ੍ਹੇ ਦੇ ਪਿੰਡਾਂ ਦੀਆਂ ਸਰਪੰਚ ਔਰਤਾਂ ਵੀ ਸ਼ਾਮਿਲ ਸਨ।

Thu, 27 August 2015
epaper.punjabijagran.com/c/6335078